ਕ੍ਰਿਮੀਨਲ ਜਸਟਿਸ ਬਰਾਂਚ, ਮਨਿਸਟਰੀ ਆਫ਼ ਅਟਾਰਨੀ ਜਨਰਲ

# ਕਰਾਊਨ ਕਾਊਂਸਲ ਪਾਲਿਸੀ ਮੈਨੂਅਲ

## ਮੁੱਖਬੰਦ

ਕਰਾਊਨ ਕਾਊਂਸਲ ਪਾਲਿਸੀ ਮੈਨੂਅਲ ਕ੍ਰਿਮੀਨਲ ਜਸਟਿਸ ਬਰਾਂਚ ਦੀ ਪਾਲਿਸੀ ਦੀ ਵਰਤੋਂ ਕਰਨ 'ਚ ਸਰਕਾਰੀ ਵਕੀਲ ਦੀ ਮਦਦ ਵਾਸਤੇ ਤਿਆਰ ਕੀਤਾ ਗਿਆ ਹੈ।

ਬਰਾਂਚ ਪਾਲਿਸੀਆਂ 'ਚ ਅਦਾਲਤੀ ਪੈਰਵੀ ਕਰਨ ਦੇ ਅਖਤਿਆਰਾਂ ਦੀ ਵਰਤੋਂ ਵਾਸਤੇ ਗਾਈਡਲਾਈਨਾਂ ਦਿੱਤੀਆਂ ਗਈਆਂ ਹਨ। ਸ਼ਬਦ "ਕਰਾਊਨ ਕਾਊਂਸਲ ਨੂੰ ਚਾਹੀਦਾ" ਦਾ ਮਤਲਬ ਹੈ ਸਰਕਾਰੀ ਵਕੀਲ ਨੂੰ ਆਮ ਤੌਰ 'ਤੇ ਪਾਲਿਸੀ ਗਾਈਡਲਾਈਨਾਂ ਨੂੰ ਅਪਨਾਉਂਣਾ ਚਾਹੀਦਾ ਹੈ ਪਰੰਤੂ ਇਹ ਮੰਨਿਆਂ ਗਿਆ ਹੈ ਕਿ ਜਨਤਕ ਹਿੱਤ ਵਾਸਤੇ ਅਜਿਹਾ ਫੈਸਲਾ ਕਰਨ ਦੀ ਵੀ ਲੋੜ ਹੋ ਸਕਦੀ ਹੈ ਜੋ ਪਾਲਿਸੀ ਗਾਈਡਲਾਈਨਾਂ 'ਚ ਅਪਵਾਦ ਹੋਵੇ। ਅਜਿਹਾ ਕੇਵਲ ਐਡਮਿਨਿਸਟ੍ਰੇਟਿਵ ਕਰਾਊਨ ਕਾਊਂਸਲ ਜਾਂ ਰੀਜਨਲ ਜਾਂ ਡਿਪਟੀ ਰੀਜਨਲ ਕਰਾਊਨ ਕਾਊਂਸਲ, ਜਿਵੇਂ ਹਾਲਾਤ ਮੰਗ ਕਰਨ, ਦੀ ਸਲਾਹ ਨਾਲ ਹੀ ਹੋ ਸਕਦਾ ਹੈ।

ਕੁਝ ਪਾਲਿਸੀ ਬਿਆਨਾਂ 'ਚ ਜ਼ਰੂਰੀ ਨਿਰਦੇਸ਼ ਦਿੱਤੇ ਗਏ ਹਨ, ਮਿਸਾਲ ਵਜੋਂ ਸ਼ਬਦ "must" ਦੀ ਵਰਤੋਂ। ਉਹ *ਕਰਾਊਨ ਕਾਊਂਸਲ ਐਕਟ* ਦੇ ਸੈਕਸ਼ਨ 4(3) ਦੇ ਤਹਿਤ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਦੇ ਨਿਰਦੇਸ਼ਾਂ ਦਾ ਨਿਰਮਾਣ ਕਰਦੇ ਹਨ।

"ਰੀਜਨਲ ਜਾਂ ਡਿਪਟੀ ਰੀਜਨਲ ਕਰਾਊਨ ਕਾਊਂਸਲ" ਸ਼ਬਦਾਂ 'ਚ ਸੀ. ਏ. ਐੱਸ. ਪੀ. ਦੇ ਡਾਇਰੈਕਟਰਾਂ ਅਤੇ ਡਿਪਟੀ ਡਾਇਰੈਕਟਰਾਂ ਅਤੇ ਹੈੱਡਕੁਆਟਰ ਡਾਇਰੈਕਟਰਾਂ, ਸੰਦਰਭ ਅਨੁਸਾਰ ਜੋ ਢੁਕਵਾਂ ਹੋਵੇ, ਨੂੰ ਵੀ ਸ਼ਾਮਲ ਸਮਝਿਆ ਜਾਣਾ ਚਾਹੀਦਾ ਹੈ।

ਬਰਾਂਚ ਦੀਆਂ ਸਟੇਟਮੈਂਟ ਆਫ਼ ਪਰਪਜ਼ ਐਂਡ ਪ੍ਰਿੰਸੀਪਲਜ਼ ਅਤੇ ਵਿਜ਼ਨ ਸਟੇਟਮੈਂਟ ਪਾਲਿਸੀ ਮੈਨੂਅਲ ਦੇ ਅਨਿਖੜਵੇਂ ਅੰਗ ਹਨ। ਇਨ੍ਹਾਂ ਬਿਆਨਾਂ ਨੂੰ ਮੂਲ ਦਸਤਾਵੇਜ਼ਾਂ ਵਜੋਂ ਲਿਆ ਜਾਣਾ ਚਾਹੀਦਾ ਹੈ ਜਿਹੜੇ ਕ੍ਰਿਮੀਨਲ ਜਸਟਿਸ ਬਰਾਂਚ ਦੇ ਸਾਰੇ ਮੈਂਬਰਾਂ ਦੀ ਅਗਵਾਈ ਕਰਦੇ ਹਨ ਜਦੋਂ ਉਹ ਆਪਣੇ ਫਰਜ਼ ਅਤੇ ਜ਼ਿੰਮੇਵਾਰੀਆਂ ਨਿਭਾ ਰਹੇ ਹੁੰਦੇ ਹਨ।

ਪਾਲਿਸੀ ਮੈਨੂਅਲ ਦਾ ਦਰਜ਼ਾ ਕਾਨੂੰਨ ਦਾ ਦਰਜ਼ਾ ਨਹੀਂ। ਇਹ ਕਿਸੇ ਵੀ ਤਰ੍ਹਾਂ *ਕ੍ਰਿਮੀਨਲ ਕੋਡ, ਚਾਰਟਰ ਆਫ਼ ਰਾਈਟਸ ਐਂਡ ਫਰੀਡਮਜ਼* ਜਾਂ ਲਾਗੂ ਹੁੰਦੇ ਹੋਰ ਕਿਸੇ ਵਿਧਾਨ ਤੋਂ ਉੱਪਰ ਨਹੀਂ ਹੈ ਅਤੇ ਇਸ ਦੀ ਮਨਸ਼ਾ ਆਮ ਜਨਤਾ ਨੂੰ ਕਾਨੂੰਨੀ ਸਲਾਹ ਪ੍ਰਦਾਨ ਕਰਨਾਂ ਜਾਂ ਕਿਸੇ ਵੀ ਕਾਨੂੰਨੀ ਕਾਰਵਾਈ 'ਚ ਕਾਨੂੰਨ ਦੁਆਰਾ ਲਾਗੂ ਕਿਸੇ ਅਧਿਕਾਰ ਨੂੰ ਉਤਪੰਨ ਕਰਨਾ ਨਹੀਂ ਹੈ।